# ਕਿੰਨਾ ਸਮਝੇ, ਜ਼ਰਾ ਦੱਸੋ

## ੳ ਗੱਲਾਂ-ਗੱਲਾਂ ਵਿੱਚ (ਮੌਖਿਕ ਪ੍ਰਸ਼ਨ)

1. ਕੁਝ ਨਾਂਵ ਸ਼ਬਦਾਂ ਦੀਆਂ ਉਦਾਹਰਨਾਂ ਦਿਓ।
2. ਨਾਂਵ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?
3. ਵਸਤੂਵਾਚਕ ਨਾਂਵ ਤੋਂ ਕੀ ਭਾਵ ਹੈ ?
4. ਜਿਨ੍ਹਾਂ ਚੀਜ਼ਾਂ ਨੂੰ ਵੇਖਿਆ ਨਹੀਂ ਜਾ ਸਕਦਾ ਸਿਰਫ਼ ਮਹਿਸੂਸ ਕੀਤਾ ਜਾ ਸਕਦਾ, ਉਨ੍ਹਾਂ ਦੀਆਂ ਉਦਾਹਰਨਾਂ ਦਿਓ।

## ਅ ਲਿਖਤੀ ਪ੍ਰਸ਼ਨ

**1. ਸਹੀ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ—**

(*i*) ਨਾਂਵ ਉਨ੍ਹਾਂ ਸ਼ਬਦਾਂ ਨੂੰ ਆਖਦੇ ਹਨ—
ਜਿਨ੍ਹਾਂ ਸ਼ਬਦਾਂ ਤੋਂ—

(ੳ) ਕਿਸੇ ਵਿਅਕਤੀ, ਸਥਾਨ ਦਾ ਪਤਾ ਲੱਗੇ ☐ (ਅ) ਖ਼ੁਸ਼ੀ ਦਾ ਪਤਾ ਲੱਗੇ ☐
(ੲ) ਗ਼ਮੀ ਦਾ ਪਤਾ ਲੱਗੇ ☐ (ਸ) ਗਿਣਤੀ ਦਾ ਪਤਾ ਲੱਗੇ ☐

(*ii*) ਨਾਂਵ ਦੀਆਂ ਕਿਸਮਾਂ ਹਨ।

(ੳ) ਪੰਜ ☐ (ਅ) ਛੇ ☐
(ੲ) ਸੱਤ ☐ (ਸ) ਅੱਠ ☐

(*iii*) ਹੇਠ ਲਿਖੇ ਸ਼ਬਦਾਂ ਵਿੱਚੋਂ ਆਮ ਨਾਂਵ ਚੁਣੋ।

(ੳ) ਮੁੰਡਾ ☐ (ਅ) ਹਰਿਮੰਦਰ ਸਾਹਿਬ ☐
(ੲ) ਰੋਮ ☐ (ਸ) ਪੈਰਿਸ ☐

(*iv*) ਹੇਠ ਲਿਖੇ ਸ਼ਬਦਾਂ ਵਿੱਚੋਂ ਭਾਵਵਾਚਕ ਨਾਂਵ ਚੁਣੋ।

(ੳ) ਗ਼ਰੀਬੀ ☐ (ਅ) ਅੱਧਾ ਕਿੱਲੋ ☐
(ੲ) ਰਾਮ ☐ (ਸ) ਸ਼ਹਿਰ ☐

(*v*) ਹੇਠ ਲਿਖੇ ਸ਼ਬਦਾਂ ਵਿੱਚੋਂ ਵਸਤੂਵਾਚਕ ਨਾਂਵ ਚੁਣੋ।

(ੳ) ਬਿਸਕੁਟ ☐ (ਅ) ਅਮੀਰੀ ☐
(ੲ) ਵੱਗ ☐ (ਸ) ਸ਼ਹਿਰ ☐

Scanned with CamScanner